ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

# ਰੋਜ਼ਾਨਾ ਵਿਸ਼ਵ ਪੰਜਾਬੀ ਸਾਂਝ

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ




ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ


Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS


## ਡਾਕਟਰ ਦਲਬੀਰ ਸਿੰਘ ਕਥੂਰੀਆ ਨਿਰਸਵਾਰਥ ਕਰ ਰਹੇ ਪੰਜਾਬੀ ਮਾਂ ਬੋਲੀ ਦੀ ਸੇਵਾ : ਜਸਪ੍ਰੀਤ ਸਿੰਘ ਕਰਮਸਰ



ਬਰੈਂਪਟਨ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਮੁਖੀ ਜਸਪ੍ਰੀਤ ਸਿੰਘ ਕਰਮਸਰ ਵੱਲੋਂ ਵਿਸ਼ਵ ਪੰਜਾਬੀ ਸਭਾ ਬਰੈਮਟਨ ਵੱਲੋਂ ਆਯੋਜਿਤ ਕੀਤੇ ਗਏ ਸਨਮਾਨ ਸਮਾਗਮ ਦੌਰਾਨ ਮਿਲੇ ਸਨਮਾਨ ਅਤੇ ਪਿਆਰ ਲਈ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਅਤੇ ਉਹਨਾਂ ਦੀ ਪੂਰੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ।
ਉਹਨਾਂ ਕਿਹਾ ਕਿ ਡਾਕਟਰ ਕਥੂਰੀਆ ਨਿਰਸਵਾਰਥ ਪੰਜਾਬੀ ਮਾਂ ਬੋਲੀ ਪ੍ਰਤੀ ਸਮਰਪਿਤ ਹਨ ਅਤੇ ਹੁਣ ਤੱਕ ਦੇਸ਼ ਅਤੇ ਵਿਦੇਸ਼ ਵਿੱਚ ਪੰਜਾਬੀ ਮਾਂ ਬੋਲੀ ਨੂੰ ਪ੍ਰਫੁੱਲਿਤ ਕਰਨ ਲਈ ਅਨੇਕਾਂ ਕਾਨਫਰੰਸ, ਮੀਟਿੰਗ ਅਤੇ ਸਮਾਗਮਾਂ ਦਾ ਆਯੋਜਨ ਕਰ ਚੁੱਕੇ ਹਨ। ਜਿਨਾਂ ਵਿੱਚ ਅਹਿਮ ਸ਼ਖਸ਼ੀਅਤਾਂ ਵੱਲੋਂ ਭਾਗ ਲਿਆ ਗਿਆ।
ਉਹਨਾਂ ਕਿਹਾ ਕਿ ਬੇਸ਼ਕ ਦੁਨੀਆਂ ਦੇ ਵਿੱਚ ਅਮੀਰ ਲੋਕਾਂ ਦੀ ਘਾਟ ਨਹੀਂ ਹੈ, ਪਰ ਅਮੀਰ ਹੋਣ ਦੇ ਨਾਲ ਨਾਲ ਦਿਲ ਦਾ ਅਮੀਰ ਹੋਣ ਦਾ ਸਹਿਰਾ ਡਾਕਟਰ ਕੁਲਬੀਰ ਸਿੰਘ ਕਥੂਰੀਆ ਨੂੰ ਜਾਂਦਾ। ਜਿਨਾਂ ਦਾ ਮੈਂ ਦਿਲ ਦੀ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ। ਉਹਨਾਂ ਕਿਹਾ ਕਿ ਵਿਸ਼ਵ ਪੰਜਾਬੀ ਸਾਂਝ ਬਰੈਮਟਨ ਨੇ ਉਹਨਾਂ ਦੀ ਕੈਨੇਡਾ ਫੇਰੀ ਨੂੰ ਯਾਦਗਾਰ ਬਣਾ ਦਿੱਤਾ ਇਸ ਲਈ ਉਹ ਡਾਕਟਰ ਦਲਬੀਰ ਸਿੰਘ ਕਥੂਰੀਆ ਅਤੇ ਉਨਾਂ ਦੀ ਟੀਮ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ।



## ਬਰੈਂਪਟਨ ਕੈਸ਼ ਐਂਡ ਕੈਰੀ ਵਿਨੀਪੈਗ ਦੀ ਗ੍ਰੈਂਡ ਓਪਨਿੰਗ ਦੇ ਸਹਿਯੋਗੀਆਂ ਦਾ ਧੰਨਵਾਦ : ਡਾ.ਕਥੂਰੀਆ




ਬਰੈਂਪਟਨ : ਪੰਜਾਬੀ ਵਿਸ਼ਵ ਸਭਾ ਕੈਨੇਡਾ ਦੇ ਚੇਅਰਮੈਨ ਅਤੇ ਬਰੈਂਪਟਨ ਕੈਸ਼ ਐਂਡ ਕੈਰੀ ਕੈਰੀ ਦੇ ਸੀ.ਈ.ਓ. ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਬਰੈਂਪਟਨ ਕੈਸ਼ ਐਂਡ ਕੈਰੀ ਦੀ ਬਰਾਂਚ ਦੀ ਵਿਨੀਪੈਗ ਵਿਖੇ ਕੀਤੀ ਗਈ ਗ੍ਰੈਂਡ ਓਪਨਿੰਗ ਤੇ ਸਹਿਯੋਗ ਦੇਣ ਵਾਲਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਉਹਨਾਂ ਕਿਹਾ ਕਿ ਇਸ ਗ੍ਰੈਂਡ ਓਪਨਿੰਗ ਤੇ ਵੱਡੀ ਸੰਖਿਆ ਵਿੱਚ ਸੰਗਤ, ਬਸ਼ਿੰਦਿਆਂ ਅਤੇ ਬਿਜਨਸਮੈਨ ਪਰਸਨ ਨੇ ਇਸ ਗਰੈਂਡ ਓਪਨਿੰਗ ਵਿੱਚ ਸ਼ਾਮਿਲ ਹੋ ਕੇ ਉਹਨਾਂ ਦਾ ਮਾਣ ਵਧਾਇਆ। ? ਉਹਨਾਂ ਨੇ ਕਿਹਾ ਕਿ ਕੈਸ਼ ਐਂਡ ਕੈਰੀ ਵਿਨੀਪੈਗ ਦੀ ਬਰਾਂਚ ਵਿਖੇ ਵੱਖ-ਵੱਖ ਨਿਤ ਵਰਤੋਂ ਦੀਆਂ ਵਸਤੂਆਂ ਇੱਕੋ ਪਲੇਟਫਾਰਮ ਤੇ ਮੁਹਈਆ ਹੋਣਗੀਆਂ। ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਕੁਆਲਿਟੀ ਨਾਲ ਕਿਸੇ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ ਤੇ ਇਸ ਬ੍ਰਾਂਚ ਵਿੱਚ ਵਧੀਆ ਕੁਆਲਿਟੀ ਦਾ ਸਮਾਨ ਹੀ ਰੱਖਿਆ ਜਾਵੇਗਾ।
ਇਸ ਗ੍ਰੈਂਡ ਓਪਨਿੰਗ ਤੇ ਐਮਐਲਏ ਸੁਖਜਿੰਦਰ ਪਾਲ ਸਿੰਘ ਮਿੰਟੂ ਸੰਧੂ, ਐਮਐਲਏ ਦਲਜੀਤ ਸਿੰਘ ਬਰਾੜ, ਐਮਐਲਏ ਕੇਵਨ ਲੈਮਬਰੂ, ਸੂਫੀਆਨਾ ਗਾਇਕ ਹੁਸਨੈਨ ਅਕਬਰ ਤੋਂ ਇਲਾਵਾ ਕਈ ਬਿਜਨਸਮੈਨ ਅਤੇ ਮੀਡੀਆ ਭਾਈਚਾਰਾ ਵੀ ਸ਼ਾਮਿਲ ਹੋਇਆ ਸੀ।
ਦੱਸ ਦਈਏ ਕਿ ਬਰੈਂਪਟਨ ਕੈਸ਼ ਐਂਡ ਕੈਰੀ ਦੀ ਨਵੀਂ ਬਰਾਂਚ ਦੀ ਗ੍ਰੈਂਡ ਓਪਨਿੰਗ ਵਿਨੀਪੈਗ ਵਿਖੇ 18 19 ਅਤੇ 20 ਨੂੰ ਕੀਤੀ ਗਈ ਸੀ, ਇਸ ਦੌਰਾਨ ਤਿੰਨ ਦਿਨਾਂ ਲਈ ਸਮਾਨ ਦੀ ਖਰੀਦਾਰੀ ਕਰਨ ਤੇ ਕਈ ਆਕਰਸ਼ਕ ਔਫਰ ਵੀ ਦਿੱਤੀਆਂ ਗਈਆਂ ਸਨ।












# ਕੈਨੇਡਾ ਵਿੱਚ ਔਰਤਾਂ ਅਤੇ ਨੌਜਵਾਨਾਂ ਦੀ ਭਲਾਈ ਲਈ ਕੰਮ ਕਰ ਰਹੀ ਜਥੇਬੰਦੀ ਦੀਸ਼ਾ ਦੀਆਂ ਗਤੀਵਿਧੀਆਂ




















# ਸਿੱਖ ਮੋਟਰਸਾਈਕਲ ਕਲੱਬ ਉਨਟਾਰੀਓ ਵੱਲੋਂ ਮੁੱਖ ਮੰਤਰੀ ਡੱਗ ਫੋਰਡ ਨੂੰ ਕੀਤਾ ਗਿਆ ਸਨਮਾਨਿਤ



ਬਰੈਂਮਪਟਨ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਸਿੱਖ ਮੋਟਰਸਾਈਕਲ ਕਲੱਬ ਉਨਟਾਰੀਓ ਵੱਲੋਂ ਅੱਜ ਮੁੱਖ ਮੰਤਰੀ ਡੱਗ ਫੋਰਡ ਨਾਲ ਮੁਲਾਕਾਤ ਕੀਤੀ ਗਈ ਤੇ ਉਹਨਾਂ ਨੂੰ ਖਾਸ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਸਿੱਖ ਮੋਟਰਸਾਈਕਲ ਕਲੱਬ ਉਨਟਾਰੀਓ ਦੇ ਮੈਂਬਰਾਂ ਨੇ ਦੱਸਿਆ ਕਿ ਕਲੱਬ ਵੱਲੋਂ ਕੁਝ ਸਾਲ ਪਹਿਲਾਂ ਮੁੱਖ ਮੰਤਰੀ ਨਾਲ ਮੀਟਿੰਗ ਕਰਕੇ ਸਿੱਖ ਚਾਲਕਾਂ ਨੂੰ ਪੱਗ ਬੰਨ ਕੇ ਮੋਟਰਸਾਈਕਲ ਚਲਾਉਣ ਦੀ ਮਨਜ਼ੂਰੀ ਦੇਣ ਦੀ ਮੰਗ ਕੀਤੀ ਗਈ ਸੀ। ਉਦੋਂ ਮੁੱਖ ਮੰਤਰੀ ਨੇ ਉਹਨਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਉਹਨਾਂ ਦੀ ਇਸ ਮੰਗ ਨੂੰ ਜਲਦ ਲਾਗੂ ਕਰਨਗੇ। ਆਪਣੇ ਇਸ ਵਾਅਦੇ ਨੂੰ ਪੂਰਾ ਕਰਦੇ ਹੋਏ ਮੁੱਖ ਮੰਤਰੀ ਡੱਗ ਫੋਰਡ ਵੱਲੋਂ 18 ਅਕਤੂਬਰ ਨੂੰ ਦਸਤਾਰ ਬੰਨ ਕੇ ਉਨਟਾਰੀਓ ਮੋਟਰਸਾਈਕਲ ਕਾਨੂੰਨ ਪਾਸ ਕਰਵਾਇਆ ਗਿਆ ਸੀ, ਇਸ ਕਾਨੂੰਨ ਨੂੰ ਅੱਜ ਪੂਰੇ 6 ਸਾਲ ਹੋ ਗਏ ਹਨ। ਅੱਜ ਸਿੱਖ ਮੋਟਰਸਾਈਕਲ ਕਲੱਬ ਉਨਟਾਰੀਓ ਵੱਲੋਂ ਮੁੱਖ ਮੰਤਰੀ ਡੱਗ ਫੋਰਡ ਦੇ ਘਰ ਜਾ ਕੇ ਉਹਨਾਂ ਨਾਲ ਮੁਲਾਕਾਤ ਕੀਤੀ ਗਈ ਤੇ ਉਹਨਾਂ ਦੇ ਕੀਤੇ ਗਏ ਵਾਅਦੇ ਨੂੰ ਪੂਰਾ ਕਰਨ ਤੇ ਉਹਨਾਂ ਦਾ ਧੰਨਵਾਦ ਵੀ ਕੀਤਾ ਗਿਆ।

# ਕੋਰੋਨਾ ਮਹਾਮਾਰੀ ਸਮੇਂ ਉਲੰਘਣਾ ਦੇ ਸਬੰਧ 'ਚ ਸਾਰੇ ਮਾਮਲੇ ਹੋਣਗੇ ਰੱਦ ! ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਵੱਡਾ ਫੈਸਲਾ




ਚੰਡੀਗੜ੍ਹ: (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਕੋਰੋਨਾ ਮਹਾਂਮਾਰੀ ਦੀ ਉਲੰਘਣਾ ਦੇ ਸਬੰਧ ਵਿੱਚ ਦਰਜ ਕੀਤੇ ਗਏ ਸਾਰੇ ਕੇਸ ਰੱਦ ਕਰ ਦਿੱਤੇ ਜਾਣਗੇ। ਇਹ ਹੁਕਮ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਜਾਰੀ ਕੀਤੇ ਗਏ ਹਨ। ਇਹ ਮਾਮਲਾ ਆਈਪੀਸੀ ਦੀ ਧਾਰਾ 188 ਤਹਿਤ ਦਰਜ ਕੀਤਾ ਗਿਆ ਸੀ। ਤਿੰਨ ਥਾਵਾਂ 'ਤੇ ਕੋਰੋਨਾ ਦੀ ਉਲੰਘਣਾ ਨਾਲ ਸਬੰਧਿਤ ਇੱਕ ਹਜ਼ਾਰ ਤੋਂ ਵੱਧ ਮਾਮਲੇ ਦਰਜ ਕੀਤੇ ਗਏ ਸਨ।

## ਫਰਵਰੀ 'ਚ ਕੇਸਾਂ ਦੀ ਸੁਣਵਾਈ 'ਤੇ ਲਾਈ ਗਈ ਸੀ ਰੋਕ

ਕੋਵਿਡ ਨਿਯਮਾਂ ਦੀ ਉਲੰਘਣਾ ਦੇ ਮਾਮਲੇ ਵਿੱਚ ਪੰਜਾਬ ਵਿੱਚ 5792, ਹਰਿਆਣਾ ਵਿੱਚ 4494 ਅਤੇ ਚੰਡੀਗੜ੍ਹ ਵਿੱਚ 114 ਕੇਸ ਦਰਜ ਕੀਤੇ ਗਏ ਸਨ। ਜੋ ਇਸ ਸਮੇਂ ਅਦਾਲਤ ਵਿੱਚ ਵਿਚਾਰ ਅਧੀਨ ਸਨ। ਇਸ ਮਾਮਲੇ ਦੀ ਫਰਵਰੀ ਮਹੀਨੇ ਵਿੱਚ ਸੁਣਵਾਈ ਕਰਦਿਆਂ ਹਾਈ ਕੋਰਟ ਨੇ ਹਰਿਆਣਾ, ਪੰਜਾਬ ਅਤੇ ਚੰਡੀਗੜ੍ਹ ਦੀਆਂ ਅਦਾਲਤਾਂ ਵਿੱਚ ਚੱਲ ਰਹੇ ਮੁਕੱਦਮੇ 'ਤੇ ਰੋਕ ਲਾ ਦਿੱਤੀ ਸੀ।

## ਅਦਾਲਤ ਵੱਲੋਂ ਦਿੱਤੀ ਇਹ ਦਲੀਲ

ਪੰਜਾਬ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਸੀ ਕਿ ਸੂਬੇ ਵਿੱਚ ਕਰੀਬ 18,000 ਕੇਸ ਦਰਜ ਕੀਤੇ ਗਏ ਸਨ। ਇਨ੍ਹਾਂ ਵਿੱਚੋਂ 5792 ਕੇਸ ਪੈਂਡਿੰਗ ਹਨ ਅਤੇ ਕਰੀਬ 12000 ਕੇਸਾਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ। ਹਰਿਆਣਾ ਸਰਕਾਰ ਨੇ ਕਿਹਾ ਸੀ ਕਿ ਸੂਬੇ ਵਿੱਚ ਕਰੀਬ 9 ਹਜ਼ਾਰ ਕੇਸ ਦਰਜ ਹਨ ਅਤੇ ਇਨ੍ਹਾਂ ਵਿੱਚੋਂ 4494 ਪੈਂਡਿੰਗ ਹਨ। ਚੰਡੀਗੜ੍ਹ ਪ੍ਰਸ਼ਾਸਨ ਨੇ ਦੱਸਿਆ ਕਿ ਕੁੱਲ 1142 ਕੇਸ ਦਰਜ ਕੀਤੇ ਗਏ ਹਨ ਅਤੇ 114 ਕੇਸ ਅਜੇ ਪੈਂਡਿੰਗ ਹਨ।

ਇਨ੍ਹਾਂ ਵੇਰਵਿਆਂ ਨੂੰ ਦੇਖਣ ਤੋਂ ਬਾਅਦ ਹਾਈ ਕੋਰਟ ਨੇ ਕਿਹਾ ਕਿ ਕੋਰੋਨਾ ਮਹਾਮਾਰੀ ਦੌਰਾਨ ਹਾਲਾਤ ਅਜਿਹੇ ਸਨ ਕਿ ਲੋਕਾਂ ਨੂੰ ਬਚਾਉਣ ਲਈ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਗਿਆ ਸੀ। ਲੋਕ ਵੱਡੇ ਪੱਧਰ 'ਤੇ ਹੁਕਮਾਂ ਦੀ ਪਾਲਣਾ ਕਰ ਰਹੇ ਸਨ। ਪਰ ਅਜਿਹੇ ਮਾੜੇ ਹਾਲਾਤ ਬਣ ਸਕਦੇ ਸਨ, ਜੋ ਉਹਨਾਂ ਨੂੰ ਭੋਜਨ, ਦਵਾਈ ਆਦਿ ਦੀਆਂ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਆਦੇਸ਼ ਦੀ ਉਲੰਘਣਾ ਕਰਕੇ ਆਪਣੇ ਘਰਾਂ ਤੋਂ ਬਾਹਰ ਆਉਣ ਲਈ ਮਜਬੂਰ ਕਰ ਸਕਦੇ ਸਨ।

# ਗੈਂਗਸਟਰ ਲਾਰੈਂਸ ਅਤੇ ਗੌਰਵ ਪਟਿਆਲ ਗੈਂਗ ਦੇ ਚਾਰ ਗੁਰਗੇ ਹਥਿਆਰਾਂ ਸਮੇਤ ਕਾਬੂ

ਚੰਡੀਗੜ੍ਹ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਪੰਜਾਬ ਪੁਲਿਸ ਨੇ ਗੈਂਗਸਟਰ ਲੱਕੀ ਪਟਿਆਲ ਅਤੇ ਲਾਰੈਂਸ ਗੈਂਗ ਦੇ ਚਾਰ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਕੋਲੋਂ ਛੇ ਨਾਜਾਇਜ਼ ਹਥਿਆਰ ਬਰਾਮਦ ਹੋਏ ਹਨ। ਮੋਗਾ ਪੁਲਿਸ ਨੇ ਇਨ੍ਹਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਡੀਜੀਪੀ ਗੌਰਵ ਯਾਦਵ ਨੇ ਸੋਸ਼ਲ ਮੀਡੀਆ ਅਕਾਊਂਟ ਐਕਸ 'ਤੇ ਪੋਸਟ ਕਰਕੇ ਇਹ ਜਾਣਕਾਰੀ ਦਿੱਤੀ ਹੈ ਡੀਜੀਪੀ ਨੇ ਪੋਸਟ ਕਰਕੇ ਲਿਖਿਆ ਕਿ ਬੰਬੀਹਾ ਗੈਂਗ ਨਾਲ ਜੁੜੇ ਵਿਦੇਸ਼ੀ ਮੂਲ ਦੇ ਲੱਕੀ ਪਟਿਆਲ ਦੇ ਇੱਕ ਸਾਥੀ ਨੂੰ 3 ਗੈਰ-ਕਾਨੂੰਨੀ ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ ਹੈ ਅਤੇ ਲਾਰੈਂਸ ਗੈਂਗ ਨਾਲ ਜੁੜੇ ਮਨਪ੍ਰੀਤ ਸਿੰਘ ਉਰਫ ਮਨੀ ਭਿੰਡਰ ਦੇ 3 ਸਾਥੀਆਂ ਨੂੰ 3 ਗੈਰ-ਕਾਨੂੰਨੀ ਹਥਿਆਰਾਂ ਦੀ ਬਰਾਮਦਗੀ ਤਹਿਤ ਗ੍ਰਿਫ਼ਤਾਰ ਕੀਤਾ ਹੈ। ਦੋ ਗਰੋਹ ਦੇ ਕੁੱਲ 4 ਸਾਥੀ 6 ਨਜਾਇਜ਼ ਹਥਿਆਰਾਂ ਸਮੇਤ ਗ੍ਰਿਫਤਾਰ ਕੀਤੇ ਗਏ ਹਨ। ਇਹ ਮੁਲਜ਼ਮ ਕਾਰੋਬਾਰੀ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਹੇ ਸਨ।

# ਪੰਜਾਬ ਜ਼ਿਮਨੀ ਚੋਣਾਂ 'ਚ ਹਿੱਸਾ ਨਹੀਂ ਲਵੇਗਾ ਅਕਾਲੀ ਦਲ ? ਮੰਗਲਵਾਰ ਨੂੰ ਕੋਰ ਕਮੇਟੀ ਦੀ ਮੀਟਿੰਗ 'ਚ ਹੋਵੇਗਾ ਫ਼ੈਸਲਾ

ਚੰਡੀਗੜ੍ਹ : ਪੰਜਾਬ ਦੀਆਂ ਚਾਰ ਸੀਟਾਂ 'ਤੇ 13 ਨਵੰਬਰ ਨੂੰ ਹੋਣ ਵਾਲੀਆਂ ਉਪ ਚੋਣਾਂ ਨੂੰ ਲੈ ਕੇ ਦੇਸ਼ ਦੀ ਦੂਜੀ ਸਭ ਤੋਂ ਪੁਰਾਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬੁਰੀ ਹਾਲਤ 'ਚ ਹੈ। ਪਾਰਟੀ ਪ੍ਰਧਾਨ ਪਹਿਲੀ ਵਾਰ ਅਜਿਹੇ ਸੰਕਟ ਦਾ ਸਾਹਮਣਾ ਕਰ ਰਹੇ ਹਨ ਕਿ ਉਹ ਚਾਹੁੰਦੇ ਹੋਏ ਵੀ ਪਾਰਟੀ ਲਈ ਕੁਝ ਕਰਨ ਤੋਂ ਅਸਮਰੱਥ ਹਨ।ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ 2007 ਤੋਂ ਲੈ ਕੇ 2017 ਤੱਕ ਸਰਕਾਰ ਦੇ ਕਾਰਜਕਾਲ ਦੌਰਾਨ ਲਏ ਗਏ ਫੈਸਲਿਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਲੈ ਕੇ ਉਨ੍ਹਾਂ ਨੂੰ ਦੋਸ਼ੀ ਮੰਨਿਆ ਹੈ ਪਰ ਅੱਜ ਤੱਕ ਉਨ੍ਹਾਂ ਨੂੰ ਧਾਰਮਿਕ ਸਜ਼ਾ ਨਹੀਂ ਦਿੱਤੀ ਗਈ।

ਅਜਿਹੇ 'ਚ ਜਿੱਥੇ ਉਨ੍ਹਾਂ ਨੂੰ ਸਿਆਸੀ ਗਤੀਵਿਧੀਆਂ 'ਚ ਸ਼ਾਮਲ ਹੋਣ 'ਚ ਦਿੱਕਤ ਆ ਰਹੀ ਹੈ, ਉਥੇ ਹੀ ਉਨ੍ਹਾਂ ਨੂੰ ਪਾਰਟੀ ਦੀ ਮੁੜ ਸਥਾਪਨਾ 'ਚ ਵੀ ਮੁਸ਼ਕਿਲ ਆ ਰਹੀ ਹੈ। ਇਸ ਦੌਰਾਨ ਕਿਆਸ ਲਗਾਏ ਜਾ ਰਹੇ ਹਨ ਕਿ ਅਕਾਲੀ ਦਲ ਇਨ੍ਹਾਂ ਉਪ ਚੋਣਾਂ ਤੋਂ ਦੂਰ ਰਹਿ ਸਕਦਾ ਹੈ।



ਜਦੋਂ ਕਿ ਉਪ ਚੋਣ ਲੜਨ ਜਾਂ ਨਾ ਲੜਨ ਬਾਰੇ ਫੈਸਲਾ ਮੰਗਲਵਾਰ ਨੂੰ ਲਿਆ ਜਾਣਾ ਹੈ,

ਜੇਕਰ ਇਹ ਫੈਸਲਾ ਹੋ ਜਾਂਦਾ ਹੈ ਕਿ ਪਾਰਟੀ ਚੋਣ ਲੜਨ ਤੋਂ ਪਿੱਛੇ ਨਹੀਂ ਹਟੇਗੀ ਤਾਂ ਇਸ 'ਤੇ ਲੰਬੀ ਚਰਚਾ ਹੋਵੇਗੀ, ਜਿਸ ਲਈ ਲੋਕਾਂ ਨੂੰ ਮੈਦਾਨ 'ਚ ਉਤਾਰਿਆ ਜਾਵੇਗਾ। ਜਿਸ ਨੂੰ ਲੈ ਕੇ ਪਾਰਟੀ ਨੇ ਆਪਣੀ ਕੋਰ ਕਮੇਟੀ ਦੀ ਮੀਟਿੰਗ ਬੁਲਾ ਲਈ ਹੈ।

## ਮਾੜੇ ਦੌਰ ਵਿੱਚੋਂ ਲੰਘ ਰਿਹਾ ਹੈ ਅਕਾਲੀ ਦਲ

ਜੇਕਰ ਪਾਰਟੀ ਚੋਣ ਲੜਦੀ ਹੈ ਤਾਂ ਉਮੀਦਵਾਰਾਂ ਦੇ ਪ੍ਰਚਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਉਸ ਦੀ ਹੁੰਦੀ ਹੈ, ਜਿਸ ਨੂੰ ਉਨ੍ਹਾਂ ਤੋਂ ਬਾਅਦ ਸਿਰਫ਼ ਬਿਕਰਮ ਮਜੀਠੀਆ ਹੀ ਸੰਭਾਲ ਸਕਦਾ ਹੈ ਅਤੇ ਇਹ ਕੰਮ ਕਰਨ ਵਾਲਾ ਹੋਰ ਕੋਈ ਆਗੂ ਨਹੀਂ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਬੇਸ਼ੱਕ ਤਨਖਾਹ ਦੇ ਐਲਾਨ 'ਤੇ ਪ੍ਰਚਾਰ 'ਤੇ ਕੋਈ ਪਾਬੰਦੀ ਨਹੀਂ ਹੈ। ਰਹਿਤ ਮਰਯਾਦਾ ਵਿੱਚ ਕਿਤੇ ਵੀ ਇਹ ਨਹੀਂ ਕਿਹਾ ਗਿਆ ਕਿ ਸੇਵਾਮੁਕਤ ਵਿਅਕਤੀ ਆਮ ਲੋਕਾਂ ਵਿੱਚ ਨਹੀਂ ਜਾ ਸਕਦਾ। ਪਰ ਅਜਿਹਾ ਕਰਨ ਨਾਲ ਵਿਰੋਧੀ ਪਾਰਟੀਆਂ ਇਸ ਨੂੰ ਨੈਤਿਕਤਾ ਦਾ ਮੁੱਦਾ ਬਣਾ ਸਕਦੀਆਂ ਹਨ ਅਤੇ ਸ਼੍ਰੋਮਣੀ ਅਕਾਲੀ ਦਲ, ਜੋ ਇਸ ਸਮੇਂ ਪਹਿਲਾਂ ਹੀ ਹਾਸ਼ੀਏ 'ਤੇ ਹਨ, ਲਈ ਇਸ ਸਥਿਤੀ ਨੂੰ ਸੰਭਾਲਣਾ ਹੋਰ ਵੀ ਔਖਾ ਹੋ ਜਾਵੇਗਾ।

## ਭਲਕੇ ਹੋਵੇਗੀ ਕੋਰ ਕਮੇਟੀ ਦੀ ਮੀਟਿੰਗ

ਪਾਰਟੀ ਲਈ ਦੂਜੀ ਵੱਡੀ ਮੁਸ਼ਕਲ ਉਮੀਦਵਾਰਾਂ ਦੀ ਚੋਣ ਕਰਨੀ ਹੈ। ਗਿੱਦੜਬਾਹਾ ਸੀਟ ਤੋਂ ਚੋਣ ਲੜ ਚੁੱਕੇ ਹਰਦੀਪ ਸਿੰਘ ਢਿੱਲੋਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਕੇ ਸੀਟ ਸੰਭਾਲ ਲਈ ਹੈ। ਇਸੇ ਤਰ੍ਹਾਂ ਡੇਰਾ ਬਾਬਾ ਨਾਨਕ ਸੀਟ ਤੋਂ ਚੋਣ ਲੜਨ ਵਾਲੇ ਰਵੀ ਕਿਰਨ ਕਾਹਲੋਂ ਵੀ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਚੱਬੇਵਾਲ ਸੀਟ 'ਤੇ ਚੋਣ ਲੜ ਰਹੇ ਸੋਹਣ ਸਿੰਘ ਠੰਡਲ ਚੋਣ ਲੜਨ ਦੀ ਹਿੰਮਤ ਨਹੀਂ ਜੁਟਾ ਪਾ ਰਹੇ ਹਨ ਜਦਕਿ ਬਰਨਾਲਾ ਸੀਟ 'ਤੇ ਕੁਲਵੰਤ ਸਿੰਘ ਕੀਤੂ ਬਾਕੀਆਂ ਨਾਲੋਂ ਕਮਜ਼ੋਰ ਉਮੀਦਵਾਰ ਹਨ। ਇਨ੍ਹਾਂ ਸੀਟਾਂ 'ਤੇ ਕਿਹੜੇ ਨਵੇਂ ਚਿਹਰਿਆਂ ਨੂੰ ਲਿਆਉਣਾ ਹੈ, ਇਹ ਵੀ ਪਾਰਟੀ ਲਈ ਵੱਡੀ ਚੁਣੌਤੀ ਹੈ, ਜਿਸ 'ਤੇ ਭਲਕੇ ਕੋਰ ਕਮੇਟੀ 'ਚ ਚਰਚਾ ਹੋਣੀ ਹੈ,






# ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੈਸ਼ਨਲ ਅਪ੍ਰੈਂਟਿਸਸ਼ਿਪ ਕੌਂਸਲ ਦੇ ਉਪ-ਚੇਅਰਮੈਨ ਵਜੋਂ ਨਿਯੁਕਤ



## ਡਾ. ਸਾਹਨੀ ਦੇਸ਼ ਭਰ 'ਚ ਵੋਕੇਸ਼ਨਲ ਸਿਖਲਾਈ ਅਤੇ ਅਪ੍ਰੈਂਟਿਸਸ਼ਿਪ ਪ੍ਰੋਗਰਾਮਾਂ ਨੂੰ ਅੱਗੇ ਵਧਾਉਣ ਲਈ ਮੁੱਖ ਭਾਗੀਦਾਰਾਂ ਨਾਲ ਕਰਨਗੇ ਕੰਮ

ਚੰਡੀਗੜ੍ਹ, ਰਾਜ ਸਭਾ ਦੇ ਮੈਂਬਰ ਡਾ: ਵਿਕਰਮਜੀਤ ਸਿੰਘ ਸਾਹਨੀ ਨੂੰ ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ ਵਲੋਂ ਹਾਲ ਹੀ ਵਿਚ ਜਾਰੀ ਨੋਟੀਫਿਕੇਸ਼ਨ ਅਨੁਸਾਰ ਨੈਸ਼ਨਲ ਅਪ੍ਰੈਂਟਿਸਸ਼ਿਪ ਕੌਂਸਲ (ਐਨਏਸੀ) ਦਾ ਉਪ-ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਸ ਸਨਮਾਨਯੋਗ ਭੂਮਿਕਾ ਵਿੱਚ, ਡਾ. ਸਾਹਨੀ ਦੇਸ਼ ਭਰ ਵਿੱਚ ਵੋਕੇਸ਼ਨਲ ਸਿਖਲਾਈ ਅਤੇ ਅਪ੍ਰੈਂਟਿਸਸ਼ਿਪ ਪ੍ਰੋਗਰਾਮਾਂ ਨੂੰ ਵਧਾਉਣ ਦੇ ਸਰਕਾਰ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਮੁੱਖ ਭਾਗੀਦਾਰਾਂ ਨਾਲ ਮਿਲ ਕੇ ਕੰਮ ਕਰਨਗੇ।

ਆਪਣੀ ਨਿਯੁਕਤੀ 'ਤੇ, ਡਾ. ਸਾਹਨੀ ਨੇ ਕਿਹਾ, "ਅਪ੍ਰੈਂਟਿਸਸ਼ਿਪ ਦੀ ਮਿਆਦ ਦੇ ਦੌਰਾਨ, ਅਪ੍ਰੈਂਟਿਸ ਨੂੰ ਇੱਕ ਵਜ਼ੀਫਾ ਮਿਲੇਗਾ, ਜਿਸ ਦਾ 50% ਸਰਕਾਰ ਦੁਆਰਾ ਅਦਾ ਕੀਤਾ ਜਾਣਾ ਹੈ। ਅਪ੍ਰੈਂਟਿਸਸ਼ਿਪ ਦੀ ਮਿਆਦ ਇੱਕ ਸਾਲ ਹੋਵੇਗੀ, ਜਿਸ ਵਿੱਚ ਨੌਜਵਾਨਾਂ ਨੂੰ ਨੌਕਰੀ 'ਤੇ ਬੇਸ਼ਕੀਮਤੀ ਸਿਖਲਾਈ ਪ੍ਰਾਪਤ ਕਰਨ ਦਾ ਮੌਕਾ ਮਿਲੇਗਾ।

ਅਪ੍ਰੈਂਟਿਸਸ਼ਿਪ ਦੇ ਮੌਕਿਆਂ ਨੂੰ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ, ਡਾ. ਸਾਹਨੀ ਨੇ ਇਹ ਵੀ ਦੱਸਿਆ ਕਿ ਅੱਜ ਪੰਜਾਬ ਵਿੱਚ ਅੱਠ ਵੱਖ-ਵੱਖ ਉਦਯੋਗਿਕ ਸਿਖਲਾਈ ਸੰਸਥਾਵਾਂ (ਆਈ.ਟੀ.ਆਈ.) ਵਿੱਚ ਇੱਕ ਅਪ੍ਰੈਂਟਿਸਸ਼ਿਪ ਮੇਲਾ ਲਗਾਇਆ ਗਿਆ। ਇਸ ਇਵੈਂਟ ਵਿੱਚ 4,000 ਤੋਂ ਵੱਧ ਵਿਦਿਆਰਥੀਆਂ ਨੇ ਅਪ੍ਰੈਂਟਿਸਸ਼ਿਪ ਸਿਖਲਾਈ ਪ੍ਰੋਗਰਾਮ ਲਈ ਰਜਿਸਟਰੇਸ਼ਨ ਕਰਵਾਈ, ਜੋ ਸਿੱਖਿਆ ਅਤੇ ਰੁਜ਼ਗਾਰ ਵਿਚਕਾਰ ਪਾੜੇ ਨੂੰ ਭਰਨ ਵੱਲ ਇੱਕ ਅਹਿਮ ਕਦਮ ਹੈ। ਡਾ. ਸਾਹਨੀ ਨੇ ਇਹ ਵੀ ਕਿਹਾ ਕਿ ਅਪ੍ਰੈਂਟਿਸਸ਼ਿਪ ਮਾਡਲ ਦੋਵੱਲੇ ਲਾਭ ਹਨ , ਇਸ ਤਰਾਂ ਇਹ ਸਾਰੇ ਭਾਗੀਦਾਰਾਂ ਲਈ "ਫਾਇਦੇ ਦੀ ਸਥਿਤੀ ਕਹੀ ਜਾ ਸਕਦੀ ਹੈ। "ਨੌਜਵਾਨਾਂ ਨੂੰ ਜ਼ਰੂਰੀ ਵਿਹਾਰਕ ਅਨੁਭਵ ਮਿਲੇਗਾ ਜੋ ਉਹਨਾਂ ਦੀ ਰੁਜ਼ਗਾਰਯੋਗਤਾ ਵਿੱਚ ਮਹੱਤਵਪੂਰਨ ਸੁਧਾਰ ਕਰੇਗਾ, ਜਦਿ ਕਿ ਉਦਯੋਗਾਂ ਨੂੰ ਉਹਨਾਂ ਦੇ ਅਹਾਤੇ ਵਿੱਚ ਇੱਕ ਕਰਮਚਾਰੀ ਨੂੰ ਸਿਖਲਾਈ ਦੇਣ ਨਾ, ਉਹਨਾਂ ਦੀਆਂ ਸੰਚਾਲਨ ਲੋੜਾਂ ਦੇ ਨਾਲ ਇੱਕ ਵਧੇਰੇ ਕੁਸ਼ਲ ਅਤੇ ਪ੍ਰਭਾਵੀ ਹੁਨਰ ਅਨੁਕੂਲਤਾ ਯਕੀਨੀ ਬਣੇਗੀ।

ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !
ਹੁਣ ਤੁਹਾਡੀ ਸੇਵਾ ਵਿੱਚ BRAMPTON CASH & CARRY
ਦੀ ਇੱਕ ਨਵੀਂ ਬਰਾਂਚ ਬਹੁਤ ਜਲਦ ਖੁੱਲ ਰਹੀ ਹੈ।
ਇਸ ਗੱਲ ਦਾ ਖੁਲਾਸਾ ਉਘੇ ਉਦਯੋਗਪਤੀ ਦਲਬੀਰ ਸਿੰਘ ਕਥੂਰੀਆ ਨੇ ਕੀਤਾ
3643 Portage Rd, Niagara Falls
416-700-9100

## ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਹਾਈਡਰੋਜਨ ਟਰੇਨ ਨੂੰ ਹਰ ਘੰਟੇ 40 ਹਜਾਰ ਲੀਟਰ ਪਾਣੀ ਦੀ ਜਰੂਰਤ

# ਦੇਸ਼ ਦੀ ਪਹਿਲੀ ਹਾਈਡਰੋਜਨ ਟਰੇਨ ਚਲਣ ਦੇ ਲਈ ਤਿਆਰ, ਪਾਣੀ ਨਾਲ ਤਿਆਰ ਕਰੇਗੀ ਫਿਊਲ

### 360 ਕਿਲੋ ਹਾਈਡਰੋਜਨ ਵਿੱਚ 180 ਕਿਲੋਮੀਟਰ ਚੱਲੇਗੀ ਟਰੇਨ

ਚੰਡੀਗੜ੍ਹ, (ਵਿਸ਼ਵ ਪੰਜਾਬੀ ਸਾਂਝ,ਕੈਨੇਡਾ)-ਦੇਸ਼ ਦੀ ਪਹਿਲੀ ਹਾਈਡਰੋਜਨ ਟਰੇਨ ਦਸੰਬਰ-ਜਨਵਰੀ 'ਚ ਸੋਨੀਪਤ-ਜੀਂਦ ਵਿਚਕਾਰ 90 ਕਿਲੋਮੀਟਰ ਚੱਲੇਗੀ।

ਐਨੀ ਦੂਰੀ ਦੇ ਲਈ ਡੀਜਲ ਟਰੇਨ 964 ਕਿਲੋ ਕਾਰਬਨ ਦਾ ਉਤਪਾਦਨ ਕਰਦੀ ਹੈ। ਜੀਂਦ ਰੇਲਵੇ ਸਟੇਸ਼ਨ 'ਤੇ 3000 ਕਿਲੋ ਹਾਈਡਰੋਜਨ ਸਟੋਰ ਲਈ ਪਲਾਂਟ ਤਿਆਰ ਕੀਤਾ ਜਾ ਰਿਹਾ ਹੈ। ਟਰੇਨ ਨੂੰ ਹਰ ਘੰਟੇ 40 ਹਜ਼ਾਰ ਲੀਟਰ ਪਾਣੀ ਦੀ ਲੋੜ ਪਵੇਗੀ। ਜੀਂਦ ਰੇਲਵੇ ਸਟੇਸ਼ਨ 'ਤੇ ਅੰਡਰਗਰਾਊਂਡ ਸਟੋਰੇਜ ਵੀ ਬਣਾਈ ਜਾ ਰਹੀ ਹੈ। ਸਟੇਸ਼ਨ ਦੀਆਂ ਛੱਤਾਂ 'ਤੇ ਇਕੱਠਾ ਹੋਇਆ ਪਾਣੀ ਇੱਥੇ ਪਹੁੰਚ ਜਾਵੇਗਾ। ਟਰੇਨ ਨੂੰ ਚਲਾਉਣ ਲਈ ਮਸ਼ੀਨਾਂ ਆ ਗਈਆਂ ਹਨ। ਹਾਈਡ ?ਰੋਜਨ ਟਰੇਨ ਦੇ 8 ਤੋਂ 10 ਡੱਬੇ ਹੋਣਗੇ। ਸੰਭਵ ਹੈ ਕਿ ਦਸੰਬਰ-ਜਨਵਰੀ 'ਚ ਟਰਾਇਲ ਰਨ ਤੋਂ ਬਾਅਦ ਇਸ ਵਿੱਤੀ ਸਾਲ 'ਚ ਨਿਯਮਿਤ ਰੂਪ ਨਾਲ ਚੱਲਣਾ ਸ਼ੁਰੂ ਹੋ ਜਾਵੇਗੀ । ਚੇਨਈ ਦੀ ਇੰਟੈਗਰਲ ਕੋਚ ਫੈਕਟਰੀ ਵਿੱਚ ਤਿਆਰ ਕੀਤੇ ਜਾ ਰਹੇ ਡੱਬੇ ਦਸੰਬਰ ਤੱਕ ਤਿਆਰ ਹੋ ਜਾਣਗੇ। ਹਾਈਡਰੋਜਨ ਟਰੇਨ ਹਾਈਡਰੋਜਨ ਫਿਊਲ ਸੈੱਲਾਂ ਰਾਹੀਂ ਹਾਈਡਰੋਜਨ ਅਤੇ ਆਕਸੀਜਨ ਤੋਂ ਬਿਜਲੀ ਪੈਦਾ ਕਰੇਗੀ। ਇਹ ਟਰੇਨ 360 ਕਿਲੋ ਹਾਈਡਰੋਜਨ 'ਤੇ 180 ਕਿਲੋਮੀਟਰ ਦਾ ਸਫਰ ਤੈਅ ਕਰੇਗੀ। ਟਰੇਨ ਦੇ 10 ਕੋਚਾਂ ਨੂੰ ਖਿੱਚਣ ਲਈ 2.4 ਮੈਗਾਵਾਟ ਬਿਜਲੀ ਦੀ ਲੋੜ ਪਵੇਗੀ। ਟਰੇਨ ਵਿੱਚ ਦੋ ਪਾਵਰ ਪਲਾਂਟ ਹੋਣਗੇ। ਰੇਲਵੇ ਦੀ ਯੋਜਨਾ ਹੈ ਕਿ ਅਜ਼ਮਾਇਸ਼ਾਂ ਦੇ ਸਫਲ ਹੋਣ ਤੋਂ ਬਾਅਦ, ਮਾਥੇਰਨ ਹਿੱਲ ਰੇਲਵੇ (ਮਹਾਰਾਸ਼ਟਰ), ਦਾਰਜੀਲਿੰਗ ਹਿਮਾਲੀਅਨ ਰੇਲਵੇ, ਕਾਲਕਾ-ਸ਼ਿਮਲਾ ਰੇਲਵੇ, ਕਾਂਗੜਾ ਵੈਲੀ, ਨੀਲਗਿਰੀ ਪਹਾੜੀ ਰੇਲਵੇ ਹੈਰੀਟੇਜ ਅਤੇ ਪਹਾੜੀ ਮਾਰਗਾਂ 'ਤੇ 3 ਸਾਲਾਂ ਵਿੱਚ 30 ਹਾਈਡ ?ਰੋਜਨ ਟਰੇਨਾਂ ਨੂੰ ਸ਼ੁਰੂ ਕੀਤਾ ਜਾਵੇਗਾ। ਸਵੀਡਨ ਚੀਨ ਜਰਮਨੀ ਅਤੇ ਫਰਾਂਸ ਦੇ ਬਾਅਦ ਹਾਈਡਰੋਜਨ ਟਰੇਨ ਚਲਾਉਣ ਵਾਲਾ ਭਾਰਤ ਦੁਨੀਆਂ ਦਾ ਪੰਜਵਾਂ ਦੇਸ਼ ਹੋਵੇਗਾ ਪਹਿਲੇ ਪੜਾਅ ਵਿੱਚ ਦੋ ਟਰੇਨਾਂ ਚੱਲ ਸਕਦੀਆਂ ਇਹਨਾਂ ਦੀ ਰਫਤਾਰ 140 ਕਿਲੋਮੀਟਰ ਪ੍ਰਤੀ ਘੰਟਾ ਹੋਵੇਗੀ। ਇਕ ਕਿਲੋ ਹਾਈਡਰੋਜਨ 4.5 ਲੀਟਰ ਡੀਜ਼ਲ ਦੇ ਬਰਾਬਰ ਮਾਈਲੇਜ ਦੇਵੇਗੀ

### ਕਿਤੇ ਕੋਈ ਸ਼ੱਕੀ ਹੋਇਆ ਤਾਂ ਤੁਰੰਤ ਅਲਰਟ ਮਿਲੇਗਾ

ਇਸ ਤਰਾਂ ਕੰਸਟਰਕਸ਼ਨ ਸਾਈਟ ਤੇ ਸ਼ੱਕੀਆਂ ਨੂੰ ਟਰੈਕ ਕਰ ਸਕੇਗੀ ਉਹਨਾਂ ਵਰਕਰਾਂ ਨੂੰ ਪਹਿਚਾਣ ਸਕਦੀ ਹੈ ਜਿਨਾਂ ਦੇ ਹੈਲਮਟ ਵਰਗੇ ਸੁਰੱਖਿਆ ਉਪਕਰਨ ਨਹੀਂ ਪਾਏ ਹਨ



### ਪਾਣੀ 'ਚੋਂ ਕੱਢ ਕੇ ਹਾਈਡਰੋਜਨ ਪਾਈਪ ਰਾਹੀਂ ਟਰੇਨ 'ਚ ਭਰੀ ਜਾਵੇਗੀ

ਜੀਂਦ ਰੇਲਵੇ ਸਟੇਸ਼ਨ 'ਤੇ ਆਕਸੀਜਨ-ਹਾਈਡਰੋਜਨ ਨੂੰ ਪਾਣੀ ਤੋਂ ਵੱਖ ਕੀਤਾ ਜਾਵੇਗਾ। ਇਸ ਤੋਂ ਹਾਈਡ ?ਰੋਜਨ ਫਿਊਲ ਤਿਆਰ ਕੀਤਾ ਜਾਵੇਗਾ। ਇਸ ਨੂੰ ਹਾਈਡਰੋਜਨ ਡਿਪੂ ਦੇ ਟੈਂਕਾਂ ਵਿੱਚ ਸਟੋਰ ਕੀਤਾ ਜਾਵੇਗਾ। ਇੱਥੋਂ ਹਾਈਡਰੋਜਨ ਗੈਸ ਪਾਈਪਲਾਈਨ ਰਾਹੀਂ ਟਰੇਨ ਵਿੱਚ ਲੋਡ ਕੀਤੀ ਜਾਵੇਗੀ।

### ਹਾਈਡਰੋਜਨ ਸੈੱਲਾਂ ਰਾਹੀਂ ਟਰੇਨ 'ਚ ਹੀ ਬਿਜਲੀ ਪੈਦਾ ਕੀਤੀ ਜਾਵੇਗੀ

ਹਾਈਡਰੋਜਨ ਟਰੇਨਾਂ ਵਿੱਚ ਫਿਊਲ ਸੈੱਲ ਲਗਾਏ ਜਾਂਦੇ ਹਨ। ਇਹ ਹਾਈਡਰੋਜਨ ਅਤੇ ਆਕਸੀਜਨ ਨੂੰ ਮਿਲਾ ਕੇ ਬਿਜਲੀ ਪੈਦਾ ਕਰਦੇ ਹਨ। ਇਸ ਬਿਜਲੀ ਦੀ ਵਰਤੋਂ ਟਰੇਨ ਦੀਆਂ ਮੋਟਰਾਂ ਅਤੇ ਪਹੀਆਂ ਨੂੰ ਚਲਾਉਣ ਲਈ ਕੀਤੀ ਜਾਂਦੀ ਹੈ। ਟਰੇਨ 'ਚੋਂ ਧੂੰਏਂ ਦੀ ਬਜਾਏ ਪਾਣੀ ਨਿਕਲੇਗਾ।

# 23 ਵਿਧਾਨ ਸਭਾ ਚੋਣਾਂ 'ਚ 14 ਪੰਜਾਬੀਆਂ ਨੇ ਮਾਰੀ ਬਾਜ਼ੀ, ਬਣੇਗੀ ਲੰਗੜੀ ਸਰਕਾਰ



ਐਡਮਿੰਟਨ, (ਵਿਸ਼ਵ ਪੰਜਾਬੀ ਸਾਂਝ,ਕੈਨੇਡਾ)- ਬ੍ਰਿਟਿਸ਼ ਕੋਲੰਬੀਆ ਵਿਚ ਪਈਆਂ ਵੋਟਾਂ ਦੇ ਦੇਰ ਰਾਤ ਤੱਕ ਨਤੀਜਿਆਂ ਮੁਤਾਬਿਕ ਦੋਵੇ ਮੁੱਖ ਪਾਰਟੀਆਂ ਬੀ ਸੀ ਐਨ ਡੀ ਪੀ ਤੇ ਬੀ ਸੀ ਕੰਸਰਵੇਟਿਵ ਪਾਰਟੀ ਬਹੁਮਤ ਦੇ ਅੰਕੜੇ ਨੂੰ ਪਾਰ ਨਹੀ ਕਰ ਸਕੀਆਂ। ਬਹੁਤ ਹੀ ਫਸਵੀਂ ਟੱਕਰ ਵਿਚ ਬੀਸੀ ਐਨ ਡੀ ਪੀ ਨੂੰ 46 ਸੀਟਾਂ, ਬੀਸੀ ਕੰਸਰਵੇਟਿਵ ਨੂੰ 45 ਸੀਟਾਂ ਤੇ ਗਰੀਨ ਪਾਰਟੀ ਨੂੰ 2 ਸੀਟਾਂ ਮਿਲੀਆਂ ਹਨ। ਦੋ ਹਲਕਿਆਂ ਤੋਂ ਜਿਤ ਹਾਰ ਦਾ ਫਰਕ 100 ਵੋਟਾਂ ਦਾ ਘੱਟ ਰਹਿਣ ਕਾਰਣ ਇਹਨਾਂ ਦੀ ਗਿਣਤੀ ਦੁਬਾਰਾ ਹੋਵੇਗੀ। ਬੀਸੀ ਇਲੈਕਸ਼ਨ ਮੁਤਾਬਿਕ ਵੋਟਾਂ ਦੇ ਆਖਰੀ ਨਤੀਜੇ 26 ਅਕਤਬੂਰ ਨੂੰ ਜਾਰੀ ਕੀਤੇ ਜਾਣਗੇ ਤੇ ਉਦੋ ਤੱਕ ਬੀਸੀ ਦੇ ਲੋਕਾਂ ਨੂੰ ਨਵੀਂ ਸਰਕਾਰ ਦੀ ਉਡੀਕ ਕਰਨੀ ਹੋਵੇਗੀ ਸਰਕਾਰ ਬਣਾਉਣ ਲਈ ਬਹੁਮਤ ਲਈ 47 ਸੀਟਾਂ ਦੀ ਲੋੜ ਹੈ। ਬੀ ਸੀ ਐਨ ਡੀ ਪੀ ਨੇ 46 ਸੀਟਾਂ ਜਿੱਤੀਆਂ ਹਨ। ਉਮੀਦ ਕੀਤੀ ਜਾਂਦੀ ਹੈ ਕਿ ਉਹ ਬੀ ਸੀ ਗਰੀਨ ਦੀਆਂ 2 ਸੀਟਾਂ ਦੀ ਹਮਾਇਤ ਨਾਲ ਘੱਟ ਗਿਣਤੀ ਸਰਕਾਰ ਦਾ ਦਾਅਵਾ ਪੇਸ਼ ਕਰ ਸਕਦੀ ਹੈ। ਬੀਸੀ ਗਰੀਨ ਪਾਰਟੀ ਦੀ ਆਗੂ ਸੋਨੀਆ ਨੇ ਹਮਾਇਤ ਦੇ ਮੁੱਦੇ ਉਪਰ ਐਨ ਡੀ ਪੀ ਨੂੰ ਤਰਜੀਹ ਦੇਣ ਦੀ ਗੱਲ ਕਹੀ ਹੈ ਕੁਝ ਹਲਕਿਆਂ ਵਿਚ ਬਹੁਤ ਥੋੜੇ ਫਰਕ ਨਾਲ ਹਾਰ ਜਿੱਤ ਦਾ ਫੈਸਲਾ ਦੁਬਾਰਾ ਵੋਟਾਂ ਦੀ ਗਿਣਤੀ ਤੋਂ ਤੈਅ ਹੋਵੇਗਾ। ਇਹਨਾਂ ਚੋਣਾਂ ਵਿਚ ਭਾਵੇਂਕਿ ਗਰੀਨ ਪਾਰਟੀ 2 ਸੀਟਾਂ ਜਿੱਤਣ ਵਿਚ ਸਫਲ ਰਹੀ ਪਰ ਪਾਰਟੀ ਆਗੂ ਸੋਨੀਆ ਵਿਕਟੋਰੀਆ ਬੀਕਨ ਹਿੱਲ ਤੋਂ ਆਪਣੀ ਸੀਟ ਹਾਰ ਗਈ। ਉਸਨੇ ਆਪਣੀ ਇਹ ਸਟੀ ਬਦਲੀ ਸੀ।

### ਬੀਸੀ ਐਨ ਡੀ ਪੀ ਆਗੂ ਡੇਵਿਡ ਈਬੀ ਤੇ ਬੀਸੀ ਕੰਸਰਵੇਟਿਵ ਆਗੂ ਆਪੋ ਆਪਣੀਆਂ ਸੀਟਾਂ ਚੰਗੇ ਫਰਕ ਨਾਲ ਜਿੱਤ ਗਏ।

ਸਰੀ ਜਿਥੇ ਐਨ ਡੀ ਪੀ ਨੂੰ ਵੱਡੀ ਉਮੀਦ ਸੀ, ਨੂੰ ਆਪਣੀ ਪੱਕੀਆਂ ਸਮਝਦੀਆਂ ਜਾਂਦੀਆਂ ਸੀਟਾਂ ਤੇ ਹਾਰ ਦਾ ਸਾਹਮਣਾ ਕਰਨਾ ਪਿਆ। ਇਹਨਾਂ ਵਿਚ ਸਰੀ ਗਿਲਫੋਰਡ ਤੋਂ ਕੈਬਨਿਟ ਮੰਤਰੀ ਗੈਰੀ ਬੈਗ, ਸਰੀ ਨਾਰਥ ਤੋਂ ਸਿਖਿਆ ਮੰਤਰੀ ਰਚਨਾ ਸਿੰਘ ਤੇ ਸਰੀ ਪੈਨੋਰਾਮਾ ਤੋਂ ਸਾਬਕਾ ਕੈਬਨਿਟ ਮੰਤਰੀ ਜਿੰਨੀ ਸਿਮਸ

ਚੋਣ ਹਾਰ ਗਏ ਸਰੀ ਗਿਲਫੋਰਡ ਤੋਂ ਕੰਸਰਵੇਟਿਵ ਉਮੀਦਵਾਰ ਹੋਣਵੀਰ ਸਿੰਘ ਰੰਧਾਵਾ, ਸਰੀ ਨਾਰਥ ਤੋਂ ਮਨਦੀਪ ਧਾਲੀਵਾਲ ਜੇਤੂ ਰਹੇ ਜਦੋਂਕਿ ਸਰੀ ਪੈਨੋਰਾਮਾ ਤੋਂ ਕੰਸਰਵੇਟਿਵ ਉਮੀਦਵਾਰ ਬਰਾਇਨ ਟੈਪਰ ਜੇਤੂ ਰਹੇ। ਸਰੀ ਸਰਪੈਨਟਾਈਨ ਰਿਵਰ ਹਲਕੇ ਤੋਂ ਐਨ ਡੀ ਪੀ ਉਮੀਦਵਾਰ ਬਲਤੇਜ ਸਿੰਘ ਢਿੱਲੋਂ ਸਾਬਕਾ ਮੇਅਰ ਲਿੰਡਾ ਹੈਪਨਰ ਤੋਂ ਹਾਰ ਗਏ। ਸਰੀ ਸੈਂਟਰ ਤੋਂ ਐਨ ਡੀ ਪੀ ਉਮੀਦਵਾਰ ਆਮਨਾ ਸ਼ਾਹ ਨੇ ਕੰਸਰਵੇਟਿਵ ਉਮੀਦਵਾਰ ਜੀਸ਼ਾਨ ਵਾਹਲਾ ਨੂੰ 96 ਵੋਟਾਂ ਨਾਲ ਹਰਾਇਆ। ਇਥੋਂ ਚੋਣ ਕਮਿਸ਼ਨ ਦੇ ਨਿਯਮਾਂ ਮੁਤਾਬਿਕ ਦੁਬਾਰਾ ਗਿਣਤੀ ਹੋਵੇਗੀ। ਸਰੀ-ਫਲੀਟਵੁੱਡ ਤੋਂ ਐਨ ਡੀ ਪੀ ਉਮੀਦਵਾਰ ਜਗਰੂਪ ਸਿੰਘ ਬਰਾੜ, ਡੈਲਟਾ ਨਾਰਥ ਤੋਂ ਰਵੀ ਕਾਹਲੋਂ ਆਪਣੀ ਸੀਟਾਂ ਦੁਬਾਰਾ ਜਿੱਤਣ ਵਿਚ ਸਫਲ ਰਹੇ ਜਦੋਂਕਿ ਸਾਬਕਾ ਮੰਤਰੀ ਹੈਰੀ ਬੈਂਸ ਵਲੋਂ ਛੱਡੀ ਸੀਟ ਸਰੀ ਨਿਊਟਨ ਤੋਂ ਉਹਨਾਂ ਵਲੋਂ ਲਿਆਂਦੀ ਉਮੀਦਵਾਰ ਜੈਸੀ ਸੂੰਨੜ ਜੇਤੂ ਰਹੀ। ਬਰਨਬੀ ਨਿਊਵੈਸਟ ਮਨਿਸਟਰ ਤੋਂ ਐਨ ਡੀ ਪੀ ਉਮੀਦਵਾਰ ਤੇ ਸਪੀਕਰ ਰਾਜ ਚੌਹਾਨ ਮੁੜ ਜੇਤੂ ਰਹੇ। ਸਾਊਥ ਸਰੀ ਤੋਂ ਕੰਸਰਵੇਟਿਵ ਉਮੀਦਵਾਰ ਬਰੈਂਟ ਚੈਪਮੈਨ, ਸਰੀ ਵਾਈਟਰੋਕ ਤੋਂ ਹੈਲਫੋਰਡ ਤੇ ਸਰੀ ਸਰਪੈਨਟਾਈਨ ਰਿਵਰ ਤੋਂ ਲਿੰਡਾ ਹੈਪਨਰ ਕੰਸਰਵੇਟਿਵ ਲਈ ਸੀਟਾਂ ਜਿੱਤਣ ਵਿਚ ਸਫਲ ਰਹੇ ਸਰੀ ਕਲੋਵਰਡੇਲ ਤੋਂ ਕੰਸਰਵੇਟਿਟ ਉਮੀਵਾਰ ਐਲਟਨਰੋ ਸਟਰਕੋ ਜੇਤੂ ਰਹੇ। ਲੈਂਗਲੀ ਵਿਲੋਬਰੁਕ ਤੋਂ ਕੰਸਰਵੇਟਿਵ ਉਮੀਦਵਾਰ ਵਜੋਂ ਪੰਜਾਬੀ ਮੁਟਿਆਰ ਜੋਡੂ ਤੂਰ ਜੇਤੂ ਰਹੀ ਜਦੋਂਕਿ ਲੈਂਗਲੀ ਐਫਸਫੋਰਡ ਤੋਂ ਕੰਸਰਵੇਟਿਵ ਦੇ ਨੌਜਵਾਨ ਉਮੀਦਵਾਰ ਹਰਮਨ ਭੰਗੂ ਨੇ ਐਮ ਪੀ ਦੀ ਸੀਟ ਛੱਡਕੇ ਐਨ ਡੀ ਪੀ ਉਮੀਦਵਾਰ ਬਣੇ ਜੌਹਨ ਐਲਡਗ ਨੂੰ ਹਰਾਇਆ। ਐਬਸਫੋਰਡ ਦੀਆਂ ਤਿੰਨਾਂ ਸੀਟਾਂ ਤੋਂ ਕੰਸਰੇਵਿਟਵ ਉਮੀਦਵਾਰ ਜੇਤੂ ਰਹੇ। ਐਬਸਫੋਰਡ ਮਿਸ਼ਨ ਤੋਂ ਕੰਸਰਵੇਟਿਵ ਉਮੀਦਵਾਰ ਰੀਐਨ ਗੈਸਪਰ ਨੇ ਕੈਬਨਿਟ ਮੰਤਰੀ ਪੈਮ ਨੂੰ ਹਰਾਇਆ। ਐਬਸਫੋਰਡ ਵੈਸਟ ਤੋਂ ਬਰੂਸ ਬੈਨਮੈਨ ਤੇ ਐਬਸਫੋਰਡ ਸਾਊਥ ਤੋਂ ਕੋਰਕੀ ਨਿਊਫੈਲਡ ਜੇਤੂ ਰਹੇ। ਹੋਰ ਪੰਜਾਬੀ ਮੂਲ ਦੇ ਉਮੀਦਵਾਰਾਂ ਵਿਚ ਰਿਚਮੰਡ ਕੁਵੀਨਜ਼ਬਰੋ ਤੋਂ ਸਟੀਵ ਕੂਨਰ ਕੰਸਰਵੇਟਿਵ, ਵੈਨਕੂਵਰ ਹੈਸਟਿੰਗਜ ਤੋਂ ਨਿੱਕੀ ਸ਼ਰਮਾ ਐਨ ਡੀ ਪੀ, ਵੈਨਕੂਵਰ ਲੰਗਾਰਾ ਤੋਂ ਸੁਨੀਤਾ ਧੀਰ ਐਨ ਡੀ ਪੀ, ਵਿਕਟੋਰੀਆ ਲੈਂਗਫੋਰਡ ਤੋਂ ਰਵੀ ਪਰਮਾਰ ਐਨ ਡੀ ਪੀ, ਬਰਨਬੀ ਈਸਟ ਤੋਂ ਰੀਆ ਅਰੋੜਾ, ਵਰਨਨ ਲੂੰਬੀ ਤੋਂ ਹਰਵਿੰਦਰ ਸੰਧੂ ਐਨ ਡੀ ਪੀ, ਜੇਤੂ ਰਹੇ।

# BRAMPTON CASH AND CARRY

| | |
|---|---|
| WHOLESALER | IMPORTER |
| DISTRIBUTOR | RETAILER |

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

905-230-4800

100 Kennedy Road S., Brampton, ON L6W 3E7



AAPKI PASAND AAPKA SWAAD
DURUM CHAKKI
ATTA
Aapki PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS
Contact us
905-230-4800 | 416-700-9100
100 KENNEDY ROAD S., BRAMPTON ON L6W 3E7, CANADA


MS INSURANCE
Secure your trust & life
RAJAT GUPTA
INSURANCE ADVISOR
416-427-8585
www.ms-insurance.ca
rajatgupta2299@gmail.com
Unit 27-90 Eastern Ave, Brampton, ON, L6W 1X9


ROYAL SHIELD GROUP
SUPER VISA INSURANCE
EMERGENCY MEDICAL INSURANCE FOR
STUDENTS
VISITORS
WORK PERMIT HOLDERS
CHILD PLAN
Do you want to give a Life Time Gift to your Child? Call Now to set up this plan!
A MAGICAL POLICY
20 Years To Pay!
SAHAS BRAR
416-660-6151
VISA
TEHAL SINGH BRAR
INSURANCE ADVISOR
905-782-2013